


# ਗੁਰਮਤਿ ਸੰਗੀਤ
# ਆਧੁਨਿਕ ਪਰਿਪੇਖ

*ਸੰਪਾਦਕ*

**ਪ੍ਰਿੰਸੀਪਲ ਸੁਖਵੰਤ ਸਿੰਘ**

*ਵਿਸ਼ੇਸ਼ ਸੰਪਾਦਕ*

**ਬਾਬਾ ਸੋਹਨ ਸਿੰਘ**

**ਬਾਬਾ ਸੁੱਚਾ ਸਿੰਘ ਗੁਰਮਤਿ ਸੰਗੀਤ ਅਕੈਡਮੀ**

ਅਤੇ

**ਸੁਰ ਅਭਿਆਸ ਕੇਂਦਰ**

ਪਿੰਡ ਅਮਰਕੋਟ, ਜੰਡਿਆਲਾ ਗੁਰੂ, ਅੰਮ੍ਰਿਤਸਰ ਸਾਹਿਬ

**Gurmat Sangeet : Adhunik Pripekh**

*ਸੰਪਾਦਕ :*

**ਪ੍ਰਿੰਸੀਪਲ ਸੁਖਵੰਤ ਸਿੰਘ**

*ਵਿਸ਼ੇਸ਼ ਸੰਪਾਦਕ :*

**ਬਾਬਾ ਸੋਹਨ ਸਿੰਘ**

*ਪ੍ਰਕਾਸ਼ਨ ਵਰ੍ਹਾ : 2016*

ਕੀਮਤ : ₹ 400/-

© ਪ੍ਰਕਾਸ਼ਕ : **ਸ਼ਬਦ ਨਾਦ**

**ਬਾਬਾ ਸੁੱਚਾ ਸਿੰਘ ਗੁਰਮਤਿ ਸੰਗੀਤ ਅਕੈਡਮੀ**
ਅਤੇ
**ਸੁਰ ਅਭਿਆਸ ਕੇਂਦਰ, ਜੰਡਿਆਲਾ ਗੁਰੂ, ਅੰਮ੍ਰਿਤਸਰ ਸਾਹਿਬ**
ਮੋ: 98150-71645, 98151-39048
e-mail : lnfo@shabadnaad.org
Web : www.shabadnaad.org

Distributer : **Singh Brother's**

Tital Design : **Baba Sohan Singh**

*ਪ੍ਰਿੰਟਰ :*
**ਪ੍ਰਿੰਟਵੈੱਲ**
146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

# ਸਮਰਪਣ

ਸੰਤ ਬਾਬਾ ਸੁੱਚਾ ਸਿੰਘ ਹੋਰਾਂ ਦਾ ਨਾਮ ਲੈਂਦਿਆਂ ਹੀ
ਰੂਹਾਂ ਵਿਚ ਇਕ ਪ੍ਰੇਮ ਦਾ ਸਾਜ਼ ਥਿਰਕਦਾ ਹੈ।
ਉਨ੍ਹਾਂ ਦੀ ਨੁਹਾਰ, ਚਿਹਰਾ, ਬੋਲ ਦਿਲਾਂ ਨੂੰ ਠੰਢ ਪਾਉਣ ਵਾਲੇ ਸਨ।
ਧਰਮ ਉਨ੍ਹਾਂ ਲਈ ਸ਼ਬਦ ਗੁਰੂ ਦੀ ਧੁਨ ਨਾਲ ਜੁੜੇ ਰਹਿਣ ਦਾ ਨਾਮ ਸੀ।
ਉਸ ਧੁਨ ਦੀ ਰਿਮਝਿਮ ਨਾਲ ਦੂਰ-ਦੂਰ ਤੱਕ ਜੁੜੀਆਂ ਸੰਗਤਾਂ ਦੇ ਵਜੂਦ ਸਰਸ਼ਾਰ ਕਰਨੇ
ਉਨ੍ਹਾਂ ਦੇ ਜੀਵਨ ਦਾ ਆਦਰਸ਼ ਸੀ।
ਉਨ੍ਹਾਂ ਦੁਆਰਾ ਪੁਨਰਾ-ਸੁਰਜੀਤ ਕੀਤੀ ਗਈ
ਨਿਰਧਾਰਿਤ ਰਾਗਾਂ ਵਿਚ ਪ੍ਰਵਾਹਮਾਨ ਕੀਰਤਨ ਦਰਬਾਰਾਂ ਦੀ ਨਾਦ-ਨਦੀ
ਉਨ੍ਹਾਂ ਦੀ ਮਿੱਠੀ ਤੇ ਪਾਵਨ ਯਾਦ ਦੀ ਤਰੰਗ ਨੂੰ ਸਾਡੇ ਸੀਨਿਆਂ ਵਿਚ ਸਦਾ ਜਾਗਦੀ ਰੱਖੇਗੀ
ਉਨ੍ਹਾਂ ਦੁਆਰਾ ਆਯੋਜਿਤ ਵਿਸ਼ਵ-ਪੱਧਰ ਦੇ ਸੈਮੀਨਾਰ ਸਾਡੀ ਸੋਚ ਦੇ ਦਿਸਹੱਦਿਆਂ ਨੂੰ
ਵਿਸ਼ਾਲਤਾ ਬਖ਼ਸ਼ਦੇ ਰਹਿਣਗੇ
ਉਸ ਪਿਆਰ-ਭਿੰਨੀ ਰੌਸ਼ਨ ਰੂਹ, ਹਲੀਮੀ-ਭਰੇ ਵਿਸ਼ਾਲ ਦਿਲ ਅਤੇ ਉਜਲੇ ਮੁਖ ਵਾਲੇ
ਮਹਾਨ ਮਿੱਠੜੇ ਸੰਤ ਨੂੰ
ਪਿਆਰ ਭਰੀ ਸਤਿਕਾਰ ਭਰੀ ਨਮਸਕਾਰ।

*—ਸੁਰਜੀਤ ਪਾਤਰ*

# ਤਤਕਰਾ


- ਮੁੱਖ-ਬੰਦ 9

1. ਗੁਰਮਤਿ ਸੰਗੀਤ-ਸਮਕਾਲੀਨ ਪ੍ਰਸੰਗਕਤਾ ਦੇ ਸੰਦਰਭ ਵਿਚ
   ਅਨਹਦ ਨਾਦ ਦੇ ਵਰਣਨਾਤਮਕ ਸਾਜ : ਸਰੂਪ ਤੇ ਸੰਦਰਭ 11
   ਡਾ. ਜਸਬੀਰ ਸਿੰਘ ਸਾਬਰ
2. ਅਨਹਦ ਵਾਜੇ ਧੁਨਿ ਵਜਦੇ
   ਡਾ. ਗੁਲਜ਼ਾਰ ਸਿੰਘ ਕੰਗ 27
3. ਗੁਰਬਾਣੀ ਵਿਚ ਘਰ ਪ੍ਰਬੰਧ
   ਡਾ. ਵਿਕਰਮ ਸਿੰਘ 36
4. ਗੁਰਮਤਿ ਵਿਚ ਅਨਹਦ ਨਾਦ
   ਡਾ. ਸਤਪ੍ਰੀਤ ਹਰੀ 57
5. ਗੁਰਬਾਣੀ ਉਚਾਰਨ ਤੇ ਸੰਗੀਤ
   ਡਾ. ਗੁਰਮੇਲ ਸਿੰਘ 72
6. ਗੁਰਬਾਣੀ ਕੋਸ਼ਾਂ ਵਿਚ ਗੁਰਮਤਿ ਸੰਗੀਤਕ ਅੰਗਾਂ ਦੇ ਅੰਦਰਾਜ :
   ਸਰਵੇਖਣ ਤੇ ਸਰੂਪ
   ਜਸਵਿੰਦਰ ਕੌਰ 80
7. ਗੁਰਬਾਣੀ ਵਿਚਲੇ ਉਪਰਾਗਾਂ ਦੀ ਵਰਤੋਂ ਸਥਿਤੀ :
   ਸੰਪਾਦਕੀ ਦ੍ਰਿਸ਼ਟੀ ਤੋਂ
   ਮਨਿੰਦਰ ਸਿੰਘ 101
8. ਕਿਵ ਹੋਵੇ ਕੀਰਤਨ ਰਸਮੀ ਤੋਂ ਰਸਮਈ ਕਿਰਤ ਤੋਂ ਕੀਰਤੀ...
   ਰੇਣੂਕਾ ਸਰਬਜੀਤ ਸਿੰਘ 131
9. ਸ੍ਰੀ ਸਰਬਲੋਹ ਗ੍ਰੰਥ ਵਿਚ ਪ੍ਰਚਲਿਤ ਅਤੇ ਅਪ੍ਰਚਲਿਤ ਰਾਗ
   ਡਾ. ਜਤਿੰਦਰ ਸਿੰਘ 139
10. ਹਿੰਦੁਸਤਾਨੀ ਕੀਰਤਨ ਪਰੰਪਰਾਵਾਂ ਦੇ ਸੰਦਰਭ ਵਿਚ
    ਗੁਰਮਤਿ ਸੰਗੀਤ ਦੀ ਸਾਰਥਿਕਤਾ
    ਡਾ. ਨਿਵੇਦਿਤਾ ਸਿੰਘ 157

11. ਗੁਰਮਤਿ ਸੰਗੀਤ ਦੇ ਰਾਗ ਪ੍ਰਬੰਧ ਦੀ ਵਿਲੱਖਣਤਾ
ਡਾ. ਅਲੰਕਾਰ ਸਿੰਘ 166
12. ਸੂਫ਼ੀ ਸੰਗੀਤ ਅਤੇ ਗੁਰਮਤਿ ਸੰਗੀਤ
ਡਾ. ਵਨੀਤਾ 173
13. ਅਧਿਆਤਮਕ ਸੰਗੀਤ ਪਰੰਪਰਾ ਵਿਚ ਗੁਰਮਤਿ ਸੰਗੀਤ ਅਤੇ ਕਰਨਾਟਕੀ ਸੰਗੀਤ
ਡਾ. ਹਰਜਸ ਕੌਰ 181
14. ਗੁਰਮਤਿ ਸੰਗੀਤ ਅਤੇ ਸੂਫ਼ੀ ਸੰਗੀਤ
ਡਾ. ਕੁਲਦੀਪ ਕੁਮਾਰ 199
15. ਹਿੰਦੁਸਤਾਨੀ ਸੰਗੀਤ ਅਤੇ ਗੁਰਬਾਣੀ ਸੰਗੀਤ ਦਾ ਤੁਲਨਾਤਮਕ ਅਧਿਐਨ
ਡਾ. ਰੂਬੀ ਵਿਗ 215
16. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਗੁਰਮਤਿ ਸੰਗੀਤ ਨੂੰ ਦੇਣ
ਸ. ਬਲਵਿੰਦਰ ਸਿੰਘ ਜੌੜਾ ਸਿੰਘਾ 230
17. 'ਗੁਰਮਤਿ ਸੰਗੀਤ' ਦੀ ਸਾਹਿਤਕਾਰੀ (ਸਥਿਤੀ, ਸੰਭਾਵਨਾ ਤੇ ਸਰਵੇਖਣ)
ਡਾ. ਤੇਜਿੰਦਰ ਪਾਲ ਸਿੰਘ 244
18. ਗੁਰਬਾਣੀ ਕੀਰਤਨ ਪਰੰਪਰਾ ਵਿੱਚ ਪਖਾਵਜ ਦਾ ਯੋਗਦਾਨ
ਪ੍ਰੋਫੈਸਰ ਹਰਭਜਨ ਸਿੰਘ ਧਾਰੀਵਾਲ 264
19. ਗੁਰਮਤਿ ਸੰਗੀਤ ਵਿੱਚ ਪ੍ਰਯੋਗ ਹੋਣ ਵਾਲੇ ਤੰਤੀ ਸਾਜ਼ ਤੇ ਉਹਨਾਂ ਦਾ ਇਤਿਹਾਸਿਕ ਪਿਛੋਕੜ
ਸ਼ਮਿੰਦਰਪਾਲ ਸਿੰਘ 284
20. ਗੁਰੂ ਕਾਲ (1469 ਤੋਂ 1708 ਈਸਵੀ ਤੱਕ) ਦੇ ਕਲਾਸੀਕਲ ਸੰਗੀਤਕਾਰ
ਡਾ. ਜਗਜੀਵਨ ਸਿੰਘ 322
21. The Power of Praise: Comparing Worship Music in Sikhism and Christianity
Dr. Janice Protopapas aka Gurleen Kaur 348

# ਮੁੱਖ-ਬੰਦ

ਗੁਰਮਤਿ ਸੰਗੀਤ ਭਗਤੀ ਪ੍ਰੇਮ ਦਾ ਮਾਰਗ ਹੈ। ਅਸੀਂ ਆਪਣੀ ਅਦੁੱਤੀ ਕੀਰਤਨ ਪਿਤਾ ਪੁਰਖੀ ਪਰੰਪਰਾ ਆਪ ਹੀ ਵਿਸਾਰ ਦਿੱਤੀ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਨੂੰ ਨਿਰਧਾਰਤ ਰਾਗਾਂ ਵਿਚ ਗਾਉਣ ਅਤੇ ਸੰਗੀਤਕ ਸੂਚਕ ਸੰਕੇਤਾਂ ਤੋਂ ਗੁਰੂ ਸਾਹਿਬਾਨਾਂ ਨੇ ਸਾਨੂੰ ਵਾਕਿਫ਼ ਕਰਵਾਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪਵਿੱਤਰ ਬਾਣੀ ਦਾ ਪਾਠ ਕਰਨ ਵਾਲੀਆਂ ਬਹੁਤ ਸੰਗਤਾਂ ਸਾਨੂੰ ਮਿਲਦੀਆਂ ਹਨ ਤੇ ਬੜੀ ਵੱਡੀ ਕਿਰਪਾ ਹੈ ਤੇ ਅਰਥਾਂ ਨੂੰ ਸਮਝ ਕੇ ਪੜ੍ਹਨ ਵਾਲਿਆਂ ਦੀ ਗਿਣਤੀ ਵੀ ਬਹੁਤਾਤ ਹੈ। ਪਰ ਜਦੋਂ ਸੰਗੀਤਕ ਸੂਚਕਾਂ ਦੇ ਵਿਚਾਰ ਦੀ ਗਲ ਆਵੇ ਵੀਚਾਰਾਂ ਦੀ ਚਰਚਾ ਘਣੀ ਤੇ ਸੋਚਦਾਇਕ ਹੋ ਨਿਬੜ ਦੀ ਹੈ ਕਿਉਂਕਿ ਖੋਜ ਤੇ ਚਰਚਾ 'ਚ ਬੜਾ ਅੰਤਰ ਹੈ। ਚਰਚਾ ਹੁੰਦੀ ਰਹਿੰਦੀ ਹੈ ਪਰ ਖੋਜ ਕਰਕੇ ਚਰਚਾ ਬਹੁਤ ਹੀ ਸੀਮਿਤ।


ਬਾਬਾ ਸੁੱਚਾ ਸਿੰਘ ਜੀ ਬਾਨੀ ਜਵੱਦੀ ਟਕਸਾਲ ਇਕ ਕਰਮਸ਼ੀਲ ਤੇ ਕਰਮਯੋਗੀ ਮਹਾਂਪੁਰਸ਼ ਹੋਏ। ਸਮੁੱਚਾ ਜੀਵਨ ਗੁਰਮਤਿ ਤੇ ਗੁਰਮਤਿ ਸੰਗੀਤ ਦੇ ਪ੍ਰਚਾਰ ਲਈ ਲਗਾਇਆ ਸੀਮਤ ਵਸੀਲਿਆਂ, ਸੀਮਤ ਉਮਰ ਦੇ ਬਾਵਜੂਦ ਵੀ ਅਸੀਮ ਵੱਡੇ ਸੇਵਾਵਾਂ ਵਾਲੇ ਕਾਰਜ ਉਨ੍ਹਾਂ ਕਰ ਦਿਖਾਏ। ਅੱਜ ਸੰਸਾਰ ਉਨ੍ਹਾਂ ਦੀ ਗੁਰਮਤਿ ਸੰਗੀਤ ਲਈ ਦਿੱਤੀ ਗਈ ਮਹਾਨ ਦੇਣ ਨੂੰ ਕਦੇ ਭੁਲਾ ਨਹੀਂ ਸਕਦਾ ਤੇ ਕੀਰਤਨਕਾਰਾਂ ਲਈ ਰਾਗਾਂ ਦੇ ਸਰੂਪ ਨੂੰ ਸੰਗੀਤਕ ਗੁਨੀ ਜਨਾਂ ਤੋਂ ਨਿਰਧਾਰਤ ਕਰਵਾ ਕੇ ਬਹੁਤ ਸੁਖਾਲਾ ਪੈਂਡਾ ਦੇ ਦਿੱਤਾ।

ਉਹਨਾਂ ਦੀ ਹੀ ਪ੍ਰੇਰਣਾ ਸਦਕਾ ਉਹਨਾਂ ਦੇ ਹੀ ਉਲੀਕੇ ਗੁਰਮਤਿ ਕਾਰਜਾਂ ਨੂੰ ਅੱਗੇ ਤੋਰਦਿਆਂ ਬਾਬਾ ਸੁੱਚਾ ਸਿੰਘ ਜੀ ਗੁਰਮਤਿ ਸੰਗੀਤ ਅਕੈਡਮੀ ਦੀ ਸਥਾਪਨਾ 2015 ਵਿਚ ਪਿੰਡ ਅਮਰਕੋਟ ਜੰਡਿਆਲਾ ਗੁਰੂ ਅੰਮ੍ਰਿਤਸਰ ਵਿਚ ਕੀਤੀ ਗਈ। ਸਤਿਗੁਰਾਂ ਦੀ ਕਿਰਪਾ ਨਾਲ 1 ਸਾਲ ਵਿਚ ਗੁਰਮਤਿ 31 ਰਾਗਾਂ ਦਾ ਰਾਗਾਤਮਕ ਕੀਰਤਨ ਦਰਬਾਰ ਰਾਗ ਦਰਬਾਰ, 2 ਗੁਰਮਤਿ ਸੰਗੀਤ ਦੀਆਂ ਪੁਸਤਕਾਂ, ਮਹਾਨ ਉਸਤਾਦਾਂ ਦੀ ਤਬਲਾ ਸੋਲੋ, ਰਾਗਾਤਕਮਕ 'ਰਾਗ

ਰਤਨ' ਫਤਹਿ ਟੀ.ਵੀ. ਦਾ ਵਿਸ਼ੇਸ਼ ਉਪਰਾਲਾ ਤੇ ਵੱਡੇ ਸਮਾਗਮ ਇਸ ਅਕੈਡਮੀ ਵਿਚ ਹੋਏ।

ਹੱਥਲੀ ਪੁਸਤਕ ਗੁਰਮਤਿ ਸੰਗੀਤ : ਆਧੁਨਿਕ ਪਰਿਪੇਖ ਦਾ ਸੰਗਤਾਂ ਸਾਹਮਣੇ ਲਿਆਉਣ ਇਕ ਹੀ ਮਕਸਦ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚ ਸੰਗੀਤਕ ਸੰਕੇਤਾਂ ਦਾ Logic (ਕਾਰਣ) ਸੰਗਤਾਂ ਸਾਹਮਣੇ ਲਿਆਇਆ ਜਾ ਸਕੇ। ਇਸ ਪੁਸਤਕ ਵਿਚ ਪ੍ਰਸਿੱਧ ਤੇ ਖੋਜੀ ਵਿਦਵਾਨਾਂ ਨੇ ਬਹੁਤ ਹੀ ਮਿਹਨਤ ਕਰਕੇ ਗੁਰਮਤਿ ਸੰਗੀਤ ਲਈ ਬਹੁਤ ਹੀ ਅਨਮੋਲ ਖੋਜ ਪਰਚੇ ਦਿੱਤੇ ਹਨ। ਹਰੇਕ ਵਿਦਵਾਨ ਨੇ ਆਪਣੀ ਖੋਜ ਤੇ ਸੋਚ ਅਨੁਸਾਰ ਇਹ ਪਰਚੇ ਭੇਜੇ ਹਨ ਅਸੀਂ ਉਸੇ ਤਰ੍ਹਾਂ ਹੀ ਇਸ ਪੁਸਤਕ ਵਿਚ ਛਾਪ ਰਹੇ ਹਾਂ। ਸੈਮੀਨਾਰ ਦਾ ਮਤਲਬ ਹੀ ਵੀਚਾਰ ਹੁੰਦੀ ਹੈ। ਆਸ ਕਰਦੇ ਹਾਂ ਕਿ ਵੀਚਾਰਾਂ ਤੋਂ ਹੀ ਸਹੀ ਰਸਤੇ ਦੀ ਭਾਲ ਸਹਿਜੇ ਹੁੰਦੀ ਹੈ ਤੇ ਅਸੀਂ ਹੋਰ ਵੱਡੇ ਗੁਰਮਤਿ ਸੰਗੀਤ ਦੇ ਸੈਮੀਨਾਰ ਕਰਕੇ ਗੁਰਮਤਿ ਸੰਗੀਤ ਦੀ ਸੇਵਾ ਰਲ ਕੇ ਕਰ ਸਕੀਏ। ਆਸ ਕਰਦੇ ਹਾਂ ਕਿ ਇਸ ਮਹਾਨ ਪੁਸਤਕ ਤੋਂ ਸਾਰੀ ਸੰਗਤ ਬਹੁਤ ਲਾਭ ਪ੍ਰਾਪਤ ਕਰੇਗੀ ਤੇ ਗੁਰਮਤਿ ਸੰਗੀਤ ਦੇ ਪ੍ਰੇਮੀ ਇਸ ਤੋਂ ਘਣਾ ਲਾਭ ਲੈਣਗੇ ਜੀ।

ਅਕੈਡਮੀ ਅਤੇ ਸੈਮੀਨਾਰ ਦੇ ਡਾਇਰੈਕਟਰ ਬਾਬਾ ਸੋਹਨ ਸਿੰਘ ਜੀ ਜਿਨਾਂ ਦੀ ਵਿਸ਼ੇਸ ਵੀਚਾਰ ਨਾਲ ਇਹ ਸੈਮੀਨਾਰ ਉਲੀਕਿਆ ਗਿਆ। ਬਾਬਾ ਮਹਿੰਦਰ ਸਿੰਘ ਜੀ, ਪ੍ਰਿੰ: ਜਸਪਾਲ ਸਿੰਘ ਜੀ ਦੀ ਵਿਸ਼ੇਸ਼ ਘਾਲਣਾ ਨਾਲ ਹੀ ਇਹ ਪੁਸਤਕ ਤਿਆਰ ਹੋ ਸਕੀ। ਆਸ ਕਰਦੇ ਹਾਂ ਕਿ ਅਸੀਂ ਇਸ ਪੁਸਤਕ ਤੋਂ ਭਰਪੂਰ ਲਾਹਾ ਪ੍ਰਾਪਤ ਕਰਾਂਗੇ।



ਸੁਖਵੰਤ ਸਿੰਘ (ਪ੍ਰਿੰ.)

✪✪✪



# ਗੁਰਮਤਿ ਸੰਗੀਤ-ਸਮਕਾਲੀਨ ਪ੍ਰਸੰਗਕਤਾ ਦੇ ਸੰਦਰਭ ਵਿਚ ਅਨਹਦ ਨਾਦ ਦੇ ਵਰਣਨਾਤਮਕ ਸਾਜ : ਸਰੂਪ ਤੇ ਸੰਦਰਭ

*ਡਾ. ਜਸਬੀਰ ਸਿੰਘ ਸਾਬਰ**

ਮੈਂ ਆਰੰਭ ਵਿਚ ਸਤਿਕਾਰਯੋਗ ਸੰਤ ਬਾਬਾ ਸੋਹਣ ਸਿੰਘ ਜੀ, ਪ੍ਰਿੰਸੀਪਲ ਸੁਖਵੰਤ ਸਿੰਘ ਅਤੇ ਉਨ੍ਹਾਂ ਦੀ ਸਹਿਯੋਗੀ ਟੀਮ ਦਾ ਦੋ ਕਾਰਨਾਂ ਕਰ ਕੇ ਆਭਾਰ ਪ੍ਰਗਟ ਕਰਨਾ ਚਾਹੁੰਦਾ ਹਾਂ। ਪਹਿਲਾ ਕਾਰਨ ਹੈ ਗੁਰਮਤਿ ਸੰਗੀਤ ਦੇ ਸਹੀ ਪਰਿਪੇਖ ਨੂੰ ਉਸਾਰਨ, ਉਭਾਰਨ ਤੇ ਸ਼ਿੰਗਾਰਨ ਲਈ ਜੋ ਕਾਰਜ ਸੁਵਰਗੀ ਸੰਤ ਬਾਬਾ ਸੁੱਚਾ ਸਿੰਘ ਜੀ ਨੇ 1991 ਈ. ਵਿਚ ਆਰੰਭ ਕੀਤਾ ਸੀ ਉਸਨੂੰ ਇਨ੍ਹਾਂ ਨੇ ਉਨ੍ਹਾਂ ਦੇ ਜੀਵਨ-ਕਾਲ ਵਿਚ ਅਤੇ ਅਕਾਲ ਚਾਲਣੇ ਉਪਰੰਤ ਵੀ ਗਤੀਸ਼ੀਲ ਰਖਣ ਲਈ ਨਿਗਰ ਭੂਮਿਕਾ ਨਿਭਾਈ ਤੇ ਨਿਭਾਅ ਰਹੇ ਹਨ। ਦੂਜਾ ਕਾਰਨ ਹੈ ਬਾਬਾ ਜੀ ਵਲੋਂ ਇਸ ਸੈਮੀਨਾਰ ਵਿਚ ਪੇਪਰ ਪੜ੍ਹਨ ਲਈ ਮੈਨੂੰ ਉਹ ਵਿਸ਼ਾ ਦੇਣਾ ਜਿਸ ਦਾ ਅਧਿਐਨ ਪਹਿਲਾਂ ਬਹੁਤ ਸੀਮਤ ਹੋਇਆ ਹੈ ਜਿਸ ਨੂੰ ਵਧੇਰੇ ਜਾਨਣ ਦੀ ਲੋੜ ਹੈ। ਇਸ ਦ੍ਰਿਸ਼ਟੀ ਤੋਂ ਮੈਨੂੰ ਗੁਰਮਤਿ-ਸੰਗੀਤ ਦੇ ਇਸ ਪੱਖ ਬਾਰੇ ਵੀ ਅਧਿਐਨ ਕਰਨ ਦਾ ਮੌਕਾ ਸੰਤ ਬਾਬਾ ਸੋਹਣ ਸਿੰਘ ਜੀ ਅਤੇ ਸੈਮੀਨਾਰ ਦੇ ਪ੍ਰਬੰਧਕਾਂ ਨੇ ਪ੍ਰਦਾਨ ਕੀਤਾ ਹੈ। ਇਨ੍ਹਾਂ ਦੋਨਾਂ ਕਾਰਨਾਂ ਕਰਕੇ ਮੈਂ ਇਨ੍ਹਾਂ ਦੀ ਸੋਚ ਨੂੰ ਨਮਨ ਕਰਦਾ ਹਾਂ।

ਵਿਚਾਰ ਅਧੀਨ ਵਿਸ਼ੇ ਬਾਰੇ ਮੈਂ ਇਸ ਤੱਥ ਤੋਂ ਭਲੀ ਪ੍ਰਕਾਰ ਜਾਣੂੰ ਹਾਂ ਕਿ ਇਸ ਵਿਸ਼ੇ ਨਾਲ ਸੰਬੰਧਤ ਪੂਰਵ ਸੀਮਤ ਅਧਿਐਨ ਅਤੇ ਮੇਰੇ ਅਲਪ ਅਧਿਐਨ ਕਾਰਨ ਸੰਭਵ ਹੈ ਕਈ ਪੱਖ ਮੇਰੀ ਸੀਮਤ ਬੁੱਧ ਦੀ ਪਕੜ ਵਿਚ ਨਾ ਆ ਸਕੇ ਹੋਣ ਇਸ ਲਈ ਮੈਂ ਆਪਣੇ ਇਸ ਪੇਪਰ ਨੂੰ ਅੰਸ਼ਕ ਮੰਨਕੇ ਹੀ ਆਪਣੇ ਵਿਚਾਰ ਆਪ ਜੀ ਨਾਲ ਸਾਂਝੇ ਕਰ ਰਿਹਾ ਹਾਂ।

ਇਹ ਠੀਕ ਹੈ ਕਿ "ਨਾਦ" ਦੇ ਦੋਵੇਂ ਰੂਪ "ਆਹਤ-ਨਾਦ" ਤੇ "ਅਨਾਹਤ

* ਭੂਤਪੂਰਵ ਪ੍ਰੋਫੈਸਰ ਤੇ ਮੁਖੀ, ਗੁਰੂ ਨਾਨਕ ਅਧਿਐਨ ਅਤੇ ਚੇਅਰਮੈਨ, ਰਵਿਦਾਸ ਚੇਅਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ। 09888460180

ਨਾਦ" ਆਪੋ ਆਪਣਾ ਵਖਰਾ ਸਰੂਪ ਤੇ ਸੰਦਰਭ ਰਖਦੇ ਹਨ। ਪਰ ਇਸ ਵਖਰੇਵੇਂ ਦੇ ਬਾਵਜੂਦ ਇਹ ਇਕ ਦੂਜੇ ਦੇ ਪੂਰਕ ਹਨ। "ਆਹਤ ਨਾਦ" ਦਾ ਸਰੂਪ ਜਿਥੇ ਸਥੂਲ ਹੈ ਓਥੇ "ਅਨਾਹਤ ਨਾਦ" ਸ਼ੂਕਸ਼ਮ ਸਰੂਪ ਵਾਲਾ ਹੈ। ਸਥੂਲ ਰੂਪ ਵਾਲਾ "ਆਹਤ ਨਾਦ" ਹੀ ਸਰੀਰਕ-ਮੰਡਲ ਰੂਪੀ ਸਥੂਲ ਜਗਤ ਤੋਂ ਯਾਤਰਾ ਆਰੰਭ ਕਰਦਿਆਂ ਸ਼ੂਖਸ਼ਮ-ਤੱਟ (ਜੀਵ-ਆਤਮਾ) ਤਕ ਪੁਜਦਾ ਹੈ ਅਤੇ ਸੁਰ ਹੋਕੇ ਏਹੋ ਆਤਮਿਕ-ਮੰਡਲ ਹੀ ਪਰਮਾਤਮਾ ਨਾਲ ਇਕਸੁਰ ਹੁੰਦੀ ਹੈ। "ਆਹਤ-ਨਾਦ" ਦੀ ਹੋਂਦ ਦਾ ਆਧਾਰ ਜਿਥੇ ਦੋ ਚੀਜ਼ਾਂ ਦਾ ਟਕਰਾਉ ਹੁੰਦਾ ਹੈ ਓਥੇ "ਅਨਾਹਤ ਨਾਦ" ਦੀ ਹੋਂਦ ਦੀ ਕਰਮ-ਭੂਮੀ ਵੀ "ਆਹਤ-ਨਾਦ" ਬਣ ਜਾਂਦੀ ਹੈ ਕਿਉਂਕਿ ਆਹਤ ਨਾਦ ਵਿਚੋਂ ਉਪਜੀ ਧੁਨ ਹੀ ਸੂਕਸ਼ਮ ਰੂਪ ਧਾਰਦਿਆਂ ਅਨਾਹਤ ਨਾਦ ਬਣਦੀ ਹੈ। ਸ਼ਾਇਦ ਏਹੋ ਕਾਰਨ ਹੈ ਕਿ ਜੋਗੀਆਂ ਦਾ ਅਜਿਹੇ ਨਾਦ ਤੇ ਬਿਰਤੀ ਇਕਾਗਰ ਕਰਕੇ ਅਨੰਦ ਮਾਣਨ ਦਾ। ਇਸ ਸੰਦਰਭ ਵਿਚ "ਹਠਯੋਗ ਪ੍ਰਦੀਪਕਾ" ਵਿਚ ਪ੍ਰਾਪਤ ਇਹ ਹਵਾਲਾ ਵਿਸ਼ੇਸ਼ ਰੂਪ ਵਿਚ ਸਾਡੇ ਧਿਆਨ ਦੀ ਮੰਗ ਕਰਦਾ ਹੈ:

'ਯੋਗੀ ਮੁਕਤਾਸਨ ਲਾ ਕੇ ਸਾਂਭਵੀ ਮੁਦ੍ਰਾ ਧਾਰਨ ਕਰੇ ਤੇ ਫਿਰ ਏਕਾਗਰ ਚਿਤ ਹੋਕੇ ਅੰਦਰ ਦੀਆਂ ਆਵਾਜ਼ਾਂ ਸੁਣੇ। ਇਹ ਸੱਜੇ ਕੰਨ ਪਾਸ ਸੁਣਾਈ ਦੇਣਗੀਆਂ। ਕੰਨ, ਨੱਕ, ਮੂੰਹ, ਅੱਖਾਂ ਬੰਦ ਕਰਨ ਉਪਰੰਤ ਪ੍ਰਾਣਾਯਾਮ ਰਾਹੀਂ ਨਿਰਮਲ ਕੀਤੀ ਸੁਖਮਨਾ ਵਿਚ ਇਹ ਨਾਦ ਸੁਣਾਈ ਦੇਵੇਗਾ। ਇਸ ਦੀਆਂ ਚਾਰ ਹਾਲਤਾਂ ਹਨ। ਅਰੰਭ, ਘਟ, ਪਰਿਚਯ ਤੇ ਨਿਸ਼ਪਤੀ। ਪਹਿਲੀ ਅਵਸਥਾ ਇਹ ਹੈ ਜਦੋਂ ਪ੍ਰਾਣਾਯਾਮ ਕਰਕੇ ਬ੍ਰਹਮ-ਗ੍ਰੰਥੀ ਵਿੰਨ੍ਹੀ ਜਾਂਦੀ ਹੈ ਤਾਂ ਹਿਰਦੇ ਵਿਚ ਗਹਿਣਿਆਂ ਦੀ ਛਣਕਾਰ ਵਾਂਗ ਅਨੰਦ-ਦਾਤੀ ਧੁਨਿ ਸੁਣਾਈ ਦਿੰਦੀ ਹੈ। ਜਦੋਂ ਇਸ ਨਾਦ ਦਾ ਆਰੰਭ ਹੁੰਦਾ ਹੈ ਤਾਂ ਦੇਹੀ ਦਿਵਯ, ਤੇਜਸਵੀ, ਸੁਗੰਧਤ ਤੇ ਅਨੰਦਪੂਰਣ ਹੋ ਜਾਂਦੀ ਹੈ। ਦੂਜੀ 'ਘਟ' ਅਵਸਥਾ ਸਮੇਂ ਸ੍ਵਾਸ ਮੱਧ ਚਕ੍ਰ ਵਿਚ ਜਾਂਦੇ ਹਨ ਤਾਂ ਯੋਗੀ ਅਡੋਲ ਆਸਨ ਤੇ ਦੇਵ ਗਿਆਨ ਦਾ ਮਾਲਕ ਹੋ ਜਾਂਦਾ ਹੈ। ਵਿਸ਼ਨੂੰ ਗ੍ਰੰਥੀ ਨੂੰ ਵਿੰਨ੍ਹ ਲੈਣਾ ਪਰਮਾਨੰਦ ਦਾ ਸੂਚਕ ਹੈ, ਇਥੇ ਅਤੀ ਸੂੰਨਯ ਭੇਰੀ ਵਰਗਾ ਸ਼ਬਦ ਸੁਣਾਈ ਦਿੰਦਾ ਹੈ। ਤੀਜੀ ਅਵਸਥਾ 'ਪਰਿਚਯ' ਸਮੇਂ ਢੋਲਕ ਜੇਹੀ ਆਵਾਜ਼ ਸੁਣਾਈ ਦਿੰਦੀ ਹੈ, ਸ੍ਵਾਸ ਮਹਾਂ ਸੁੰਨ ਵਿਚ ਜੋ ਸਾਰੀਆਂ ਸਿਧੀਆਂ ਦਾ ਸਥਾਨ ਹੈ, ਚਲੇ ਜਾਂਦੇ ਹਨ ਤੇ ਸਹਜ ਅਨੰਦ ਪ੍ਰਾਪਤ ਹੋ ਜਾਂਦਾ ਹੈ। ਯੋਗੀ ਦੁਖ, ਬੁਢੇਪਾ, ਰੋਗ, ਭੁਖ, ਨੀਂਦ ਆਦਿ ਉੱਤੇ ਕਾਬੂ ਪਾ ਲੈਂਦਾ



ਹੈ। ਜਦੋਂ ਰੁਦ੍ਰ ਗ੍ਰੰਥੀ ਨੂੰ ਵਿੰਨ੍ਹ ਕੇ ਸ੍ਵਾਸ ਈਸ਼ਵਰ ਦੇ ਅਸਥਾਨ ਤੇ ਚਲੇ ਜਾਂਦੇ ਹਨ ਤਾਂ ਚੌਥੀ ਅਵਸਥਾ 'ਨਿਸ਼ਪਤੀ' ਆਉਂਦੀ ਹੈ ਇਥੇ ਬੰਸਰੀ ਤੇ ਵੀਣਾ ਵਰਗੀ ਆਵਾਜ਼ ਸੁਣਾਈ ਦਿੰਦੀ ਹੈ।[1]

ਏਸੇ ਤਰਾਂ ਸਿੱਧਾਂ ਨਾਥਾਂ ਵਿਚ ਵੀ 'ਨਾਦ' ਦਾ ਵਿਸ਼ੇਸ਼ ਮਹੱਤਵ ਹੈ ਤੇ ਉਹ 'ਨਾਦ' ਸੁਣਨ ਲਈ ਹਠਯੋਗ ਦੀ ਘਾਲ ਕਰਦੇ ਹਨ। ਇਸ ਕਰਕੇ ਇਨ੍ਹਾਂ ਨੂੰ 'ਨਾਦੀ' ਆਖਦੇ ਹਨ ਤੇ ਬਾਕੀ ਵੇਦ ਸ਼ਾਸਤ੍ਰ ਦੇ ਮਤ ਵਾਲਿਆਂ ਨੂੰ ਬੇਦੀ। ਤਾਂਤ੍ਰਿਕਾਂ ਵਿਚ ਵੀ ਨਾਦ ਤੇ ਬਿੰਦ ਦੀ ਮਾਨਤਾ ਹੈ, ਕਬੀਰ ਸਾਹਿਬ ਕਹਿੰਦੇ ਹਨ:- **'ਨਾਦੀ ਬੇਦੀ ਸਬਦੀ ਮੋਨੀ, ਜਮ ਕੇ ਪਟੈ ਲਿਖਾਇਆ ॥੨॥**[2] ਪਰੰਤੂ ਗੁਰਬਾਣੀ ਅਨੁਸਾਰ ਸੰਤਾਂ ਤੇ ਗੁਰੂਆਂ ਨੇ ਨਾਦ ਦਾ ਅਜਿਹਾ ਮਹੱਤਵ ਪਰਵਾਨ ਨਹੀਂ ਕੀਤਾ, ਉਨ੍ਹਾਂ ਗੁਰੂ-ਬਾਣੀ ਨੂੰ ਹੀ ਨਾਦ ਵੇਦ ਕਿਹਾ ਹੈ:

**ਸਭ ਨਾਦ ਬੇਦ ਗੁਰਬਾਣੀ ॥ ਮਨੁ ਰਾਤਾ ਸਾਰਿੰਗਪਾਣੀ ॥**[3]

ਇਸ ਤਰਾਂ ਕਈ ਵਾਰ ਇਹ ਭੁਲੇਖਾ ਵੀ ਪਾਇਆ ਜਾਂਦਾ ਹੈ ਕਿ "ਆਹਤ-ਨਾਦ" ਤੋਂ ਜਦੋਂ "ਅਨਾਹਤ ਨਾਦ" ਦਾ ਸਰੂਪ ਪੈਦਾ ਹੋ ਜਾਂਦਾ ਹੈ ਤਾਂ "ਆਹਤ-ਨਾਦ" ਦਾ ਸਰੂਪ ਆਪਣੇ ਆਪ ਅਲੋਪ ਹੋ ਜਾਂਦਾ ਹੈ ਜਾਂ ਇਉਂ ਕਹਿ ਲਈਏ ਕਿ "ਆਹਤ-ਨਾਦ" ਤੇ "ਅਨਾਹਦ ਨਾਦ" ਵਖਰੀ ਵਖਰੀ ਸੁਤੰਤਰ ਹੋਂਦ ਧਾਰਨ ਕਰ ਲੈਂਦੇ ਹਨ। ਨਿਰਸੰਦੇਹ ਇਕ ਦਾ ਸਰੂਪ ਸਥੂਲ ਹੈ ਤੇ ਦੂਜੇ ਦਾ ਸ਼ੂਕਸ਼ਮ ਪਰ ਇਸ ਦੇ ਬਾਵਜੂਦ ਇਨ੍ਹਾਂ ਦੀ ਹੋਂਦ ਵਖਰੀ ਵਖਰੀ ਨਹੀਂ ਹੁੰਦੀ ਹੈ।

**ਸੋਈ ਗੁਪਤੁ ਸੋਈ ਆਕਾਰੁ ॥੨॥**[4]

ਇਹ ਠੀਕ ਉਸੇ ਤਰਾਂ ਇਕ ਹਨ ਜਿਸ ਤਰਾਂ ਪ੍ਰਭੂ ਦਾ "ਨਿਰਗੁਣ" ਤੇ "ਸਰਗੁਣ" ਸਰੂਪ।

**ਸਲੋਕੁ ॥**

**ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥**

**ਆਪਨ ਕੀਆ ਨਾਨਕਾ ਆਪੇ ਹੀ ਫਿਰ ਜਾਪਿ ॥੧॥**[5]

ਇਸ ਤੱਥ ਨੂੰ ਸੁਖੈਨ ਰੂਪ ਵਿਚ ਸਮਝਣ ਲਈ ਇਹ ਸਮਝਣਾ ਜਰੂਰੀ ਹੈ ਕਿ "ਅਨਹਦ-ਨਾਦ" ਦਾ ਸਰੂਪ ਕੋਈ ਖਲਾਅ ਵਿਚ ਨਹੀਂ ਹੁੰਦਾ ਸਗੋਂ ਇਹ ਸ਼ੁਧ ਗਿਆਨ ਦੀ ਅਵਸਥਾ ਦਾ ਉਹ ਸਰੂਪ ਹੁੰਦਾ ਹੈ ਜਿਥੇ ਇਸ ਸਮੁਚੇ ਬ੍ਰਹਮੰਡ ਅਤੇ ਇਸ ਦੇ ਇਤਿਹਾਸ ਵਿਚ ਪਨਪਣ ਵਾਲੇ ਸਾਰੇ ਵਿਰੋਧੀ ਤੇ ਪੂਰਕ ਅਰਥਾਂ ਦੀ ਗੂੰਜ ਇਕ ਹੁੰਦਿਆਂ ਇਕ ਸੰਪੂਰਨ ਸੰਨਾਟਾ ਪੈਦਾ ਕਰ ਦਿੰਦੀ ਹੈ ਅਤੇ ਏਹੋ

ਸੰਪੂਰਨ ਸੰਨਾਟਾ "ਅਨਹਦ ਨਾਦ" ਹੁੰਦਾ ਹੈ ਜੋ ਬ੍ਰਹਮੰਡ ਦੇ ਸਮੁਚੇ ਟਾਈਮ-ਸਪੇਸ ਦੀ ਇਕਸੁਰਤਾ ਵਿਚ ਬੱਝ ਜਾਂਦਾ ਹੈ।

ਵੈਸੇ ਵੀ ਗੁਰਮਤਿ-ਸੰਗੀਤ ਪੱਧਤੀ ਦੀ ਵਿਲਖਣਤਾ ਦਾ ਆਧਾਰ ਜਿਥੇ ਇਸ ਦੀ "ਸ਼ਬਦ-ਪ੍ਰਧਾਨਤਾ" ਹੈ ਓਥੇ ਭਾਰਤੀ ਸੰਗੀਤ ਦੇ ਪ੍ਰਮੁੱਖ ਅੰਗ ਗਾਇਨ ਤੇ ਵਾਦਨ ਇਸ ਵਿਚ ਪ੍ਰਮੁੱਖ ਨਹੀਂ ਹਨ। ਭਾਰਤੀ ਸੰਗੀਤ ਵਿਚ 'ਸੁਰ' ਤੇ 'ਸਾਜ਼' ਪ੍ਰਮੁੱਖ ਹਨ ਪਰ ਗੁਰਮਤਿ ਸੰਗੀਤ ਵਿਚ ਸੁਰ-ਸਮਰਾਟ ਮੁਹੰਮਦ ਰਫ਼ੀ, ਆਸ਼ਾ ਭੌਂਸਲੇ, ਮਹਿੰਦਰ ਕਪੂਰ, ਜਗਜੀਤ ਸਿੰਘ ਆਦਿ ਲਈ ਜੋ ਮਾਨ-ਸਨਮਾਨ ਸਦੀਵੀ-ਯਾਦਗਾਰ ਬਣਿਆ ਉਹ ਉਨ੍ਹਾਂ ਵਲੋਂ ਗਾਇਨ ਕੀਤੇ ਗਏ ਗੁਰਬਾਣੀ ਦੇ ਸ਼ਬਦ ਹਨ। ਭਾਰਤੀ ਸੰਗੀਤ ਤੇ ਗੁਰਮਤਿ ਸੰਗੀਤ ਵਿਚ ਫਰਕ ਹੀ ਇਸ ਦੇ ਮੁੱਖ ਉਦੇਸ਼ ਨਾਲ ਸੰਬੰਧਤ ਹੈ। ਗੁਰਮਤਿ ਸੰਗੀਤ ਦਾ ਉਦੇਸ਼ ਜਿਥੇ ਪ੍ਰਭੂ-ਭਗਤੀ ਹੈ ਓਥੇ ਭਾਰਤੀ ਸੰਗੀਤ ਮਧਕਾਲ ਵਿਚ ਮਨੋਰੰਜਨ ਦੀ ਪ੍ਰਧਾਨਤਾ ਵਾਲੇ ਸਰੂਪ ਵਾਲਾ ਬਣ ਕੇ ਰਹਿ ਗਿਆ। ਗੁਰਮਤਿ-ਸੰਗੀਤ ਵਿਚ ਸ਼ਬਦ ਦੀ ਪ੍ਰਧਾਨਤਾ ਕਾਰਨ ਅਨਾਹਦ ਨਾਦ ਦਾ ਸੰਦਰਭ, ਗੁਰਬਾਣੀ ਦੀਆਂ ਕੋਮਲ ਭਾਵਨਾਵਾਂ ਅਤੇ ਆਤਮਾ ਨੂੰ ਸ੍ਰੋਤਿਆਂ ਦੇ ਮਨ-ਮੰਦਰ ਵਿਚ ਜਗਾਉਣਾ ਹੈ। ਏਸੇ ਲਈ ਇਹ ਭਾਰਤੀ ਸੰਗੀਤ ਪਰੰਪਰਾ ਦੇ ਅੰਤਰਗਤ ਸੁਰ, ਤਾਲ, ਲੈਯਕਾਰੀਆਂ, ਤਾਨਾਂ, ਬੋਲਤਾਨਾਂ, ਗਮਕ, ਮੀਂਡ, ਖਟਕਾ, ਮੁਰਕੀ, ਸਰਗਮਾਂ ਦੀ ਭਰਮਾਰ ਆਦਿ ਦੀ ਥਾਂ ਗੁਰਬਾਣੀ ਆਧਾਰਤ ਉਸ ਅਨਹਦ-ਨਾਦ ਨੂੰ ਪ੍ਰਧਾਨਤਾ ਦਿੰਦਾ ਹੈ ਜੋ ਮਾਨਵ-ਆਤਮਾ ਨੂੰ ਪਰਮਾਤਮਾ ਨਾਲ ਜੋੜਨ ਵਾਲੇ ਉਦੇਸ਼ ਦੀ ਪੂਰਤੀ ਕਰਦਾ ਹੋਵੇ। ਏਥੋਂ ਤਕ ਕਿ ਗੁਰਮਤਿ-ਸੰਗੀਤ ਨਾਲ ਅਜਿਹਾ ਕੋਈ "ਗੇਯ ਪਦ" ਵੀ ਨਹੀਂ ਜੁੜਿਆ ਹੋਇਆ ਜੋ ਕਿਸੇ ਵੀ ਪਖੋਂ ਅਧਿਆਤਮਕ ਤੱਤ ਦੀ ਖ਼ੁਸ਼ਬੂ ਦੇਣ ਦੇ ਸਮਰਥ ਨਾ ਹੋਵੇ। ਗੁਰਮਤਿ ਸੰਗੀਤ ਵਿਚ ਏਸੇ ਲਈ ਸੁਰ-ਸਾਜ਼ ਦੀ ਥਾਂ ਸੁਰ-ਅੰਤਰਾਲ ਨੂੰ ਸੰਗੀਤ ਦਾ ਆਧਾਰ ਬਣਾਇਆ ਜਾਂਦਾ ਹੈ ਜੋ ਅਨਹਦ-ਨਾਦ ਦੇ ਮਾਧਿਅਮ ਅਥਵਾ ਸੰਚਾਰ-ਸਾਧਨ ਬਣ ਸਰੋਤੇ ਦੇ ਮਨ ਮੰਦਰ ਵਿਚ ਨਿਰੰਤਰਤਾ ਦਾ ਅਹਿਸਾਸ ਪੈਦਾ ਕਰ ਕੇ ਪ੍ਰਭੂ ਨਾਲ ਇਕ ਸੁਰ ਕਰਨ ਦਾ ਕਾਰਜ ਕਰਦਾ ਹੈ। ਮਿਸਾਲ ਵਜੋਂ ਤਾਨਪੁਰੇ ਦੀ ਭੂਮਿਕਾ ਹੀ ਸਨਮੁਖ ਰਖ ਲਵੋ। ਇਸ ਸੁਰ ਸਾਜ ਦੇ ਮਾਧਿਅਮ ਰਾਹੀਂ ਪੈਦਾ ਹੁੰਦੇ ਨਾਦ ਨਾਲ ਇਕ ਅਜਿਹੀ ਕੈਨਵਸ ਜਰੂਰ ਤਿਆਰ ਕੀਤੀ ਜਾਂਦੀ ਹੈ ਜੋ ਗਾਵਣਹਾਰੇ ਦੀ ਸੁਰਤ ਨੂੰ ਲੋੜੀਂਦੇ ਰਾਗ ਨਾਦ ਲਈ ਸੁਰ ਤੇ ਸੁਰ ਅੰਤਰਾਲਾਂ ਨੂੰ ਪ੍ਰਸਤੁਤ ਕਰਨ ਵਿਚ



ਸੇਧ ਤਾਂ ਪ੍ਰਦਾਨ ਕਰਦੀ ਹੈ ਪਰ ਤਾਨਪੁਰੇ ਦਾ ਨਿਜ ਸਥੂਲ ਰੂਪ ਉਸ ਦੇ ਸੁਰ-ਸੰਗੀਤ ਦੇ ਸੂਕਸ਼ਮ ਸਰੂਪ ਦੇ ਅੰਤਰਗਤ ਹੀ ਸਾਰਥਿਕ ਰਹਿੰਦਾ ਹੈ ਵਰਨਾ ਉਸਦੀ ਖਾਮੋਸ਼ ਖ਼ੂਬਸੂਰਤੀ ਨਿਰਾਰਥਕ ਹੁੰਦੀ ਹੈ। ਸੱਚ-ਖੰਡ ਸ੍ਰੀ ਹਰਿਮੰਦਰ ਸਾਹਿਬ ਵਿਚ ਸ਼ਬਦ ਚੌਂਕੀ ਦੀ ਆਰੰਭਤਾ ਸਮੇਂ ਰਾਗੀ ਜਾਂ ਰਬਾਬੀ ਸਾਜ਼ਾਂ ਦੇ ਆਹਤ ਨਾਦ ਰਾਹੀਂ ਸਿਜਰਾ/ਲਹਿਰਾ ਵਜਾਕੇ ਅਨਹਦ ਨਾਦ ਦਾ ਰਾਗਮਈ ਮਹੌਲ ਸਿਰਜਦੇ ਸਨ। ਕਿਉਂਕਿ ਅਨਹਦ ਨਾਦ ਦੇ ਸਾਜਾਂ ਦਾ ਸੰਗੀਤ, ਗੁਰਮਤਿ ਸੰਗੀਤ ਦੇ ਸੰਦਰਭ ਵਿਚ ਸੁਰ ਦੀ ਥਾਂ ਸੁਰ-ਅੰਤਰਾਲ ਤੇ ਆਧਾਰਤ ਹੁੰਦਾ ਹੈ ਏਸੇ ਲਈ ਇਸਦੇ ਸਾਜ ਸਰੋਤਿਆਂ ਦੇ ਮਨ-ਮੰਦਰ ਵਿਚ ਪ੍ਰਭੂ ਨਾਲ ਇਕਸੁਰਤਾ ਦੀ ਨਿਰੰਤਰਤਾ ਦੇ ਅਹਿਸਾਸ ਨੂੰ ਅਖੰਡਕਲ ਜੋਤ ਵਾਂਗ ਸਦ-ਜਾਗਤ ਰਖਦੇ ਹਨ। ਇਸ ਤੱਥ ਨੂੰ ਵਧੇਰੇ ਸਪੱਸ਼ਟ ਕਰਨ ਲਈ ਏਥੇ ਮੈਂ "ਬੀਜ" ਦੇ ਸਰੂਪ ਤੇ ਸੰਦਰਭ ਦੀ ਮਿਸਾਲ ਦੇਣੀ ਉਚਿਤ ਸਮਝਦਾ ਹਾਂ। ਜਿਵੇਂ "ਬੀਜ" ਧਰਤੀ ਵਿਚ ਦਬਿਆ ਜਾਂਦਾ ਹੈ। ਬੇਸ਼ਕ ਉਸਨੂੰ ਜਿਤਨਾ ਮਰਜੀ ਡੂੰਘਾ ਦਬ ਦਿਤਾ ਜਾਵੇ ਪਰ ਉਸ ਦੀ ਉਠਾਨ ਅਕਾਸ਼ ਵਲ ਰਹਿੰਦੀ ਹੈ। ਏਹੋ ਬੀਜ਼ ਧਰਤੀ ਤੋਂ ਬਾਹਰ ਆਕੇ ਬੂਟੇ ਦਾ ਰੂਪ ਧਾਰਨ ਕਰਦਿਆਂ ਵੀ ਆਪਣਾ ਮੁੱਖ ਫੇਰ ਵੀ ਅਕਾਸ਼ ਵਲ ਹੀ ਰਖਦਾ ਹੈ। ਗੌਰਤਲਬ ਹੈ ਕਿ ਏਹੋ ਬੂਟਾ ਜਦੋਂ ਦਰਖਤ ਦਾ ਰੂਪ ਧਾਰਨ ਕਰਦਾ ਹੈ ਅਤੇ ਇਸ ਨੂੰ ਫੱਲ ਲਗਦੇ ਹਨ ਤਾਂ ਫੱਲ ਤੇ ਫਲਦਾਰ ਪਤੇ ਧਰਤੀ ਨੂੰ ਨਿਮਰ ਭਾਵ ਨਾਲ ਨਤਮਸਤਕ ਹੁੰਦੇ ਹਨ ਜੋ ਸਾਧਨ ਬਣੀ ਉਨ੍ਹਾਂ ਨੂੰ ਅਕਾਸ਼ ਦੇ ਦਰਸ਼ਨ ਕਰਾਉਣ ਦੀ। ਏਥੇ ਸਮਝਣ ਵਾਲੀ ਗਲ ਇਹ ਹੈ ਕਿ ਬੀਜ ਧਰਤੀ ਵਿਚ ਖੁਭ ਕੇ ਆਪਣਾ ਸਥੂਲ ਰੂਪ ਭਾਵੇਂ ਅਲੋਪ ਕਰ ਲੈਂਦਾ ਹੈ ਪਰੰਤੂ ਬੂਟੇ ਦੇ ਰੂਪ ਵਿਚ, ਦਰਖਤ ਦੇ ਰੂਪ ਵਿਚ ਅਤੇ ਫੁੱਲ ਫੱਲ ਦੇ ਰੂਪ ਵਿਚ ਉਹ ਫੇਰ ਵੀ ਸੂਕਸ਼ਮ ਰੂਪ ਵਿਚ ਕਾਇਮ ਰਹਿੰਦਾ ਹੈ ਕਿਉਂਕਿ ਫੱਲ ਹੀ ਉਸਨੂੰ ਪੁਨਰ ਜਨਮ ਦਿੰਦੇ ਹਨ। ਠੀਕ ਏਸੇ ਤਰਾਂ ਪਰਮਾਤਮਾ ਨਾਲੋਂ ਵੱਖ ਹੋਈ ਆਤਮਾ ਨੂੰ ਅਨਹਦ ਸਾਜਾਂ ਦੀ ਧੁੰਨ ਹੀ ਇਕਮਿਕਤਾ ਪ੍ਰਦਾਨ ਕਰਨ ਦਾ ਵਸੀਲਾ ਬਣਦੀ ਹੈ।

ਇਸ ਸੰਦਰਭ ਵਿਚ ਡਾ. ਬਲਬੀਰ ਸਿੰਘ ਜੀ ਵਲੋਂ ਰਚਿਆ ਲੇਖ "ਰਬਾਬ"[6] ਅਨਹਦ ਨਾਦ ਦੇ ਸੁਰ-ਅੰਤਰਾਲ ਨੂੰ ਸਮਝਣ ਵਿਚ ਕਾਫ਼ੀ ਹਦ ਤਕ ਪ੍ਰਸੰਗਕ ਸੇਧ ਪ੍ਰਦਾਨ ਕਰਦਾ ਹੈ ਜਿਸਨੂੰ ਸਨਮੁਖ ਰਖਣ ਦੀ ਲੋੜ ਹੈ:

"ਕੋਈ ਹਜ਼ਾਰ ਕੁ ਸਾਲ ਹੋ ਚੁੱਕਾ ਹੈ ਕਿ ਬੁਖ਼ਾਰੇ ਦੇ ਮੁਲਕ ਵਿਚ ਇਕ ਸਿਆਣਾ ਆਦਮੀ ਰਹਿੰਦਾ ਸੀ। ਇਸਦਾ ਨਾਮ ਅਬੂਨਾਸਰ ਸੀ। ਇਸ ਦਾ ਜੰਮ

ਪਲ ਫ਼ਾਰਾਬ ਸ਼ਹਿਰ ਦਾ ਸੀ। ਇਸ ਕਰਕੇ ਇਸਨੂੰ ਹਕੀਮ ਫਾਰਾਬੀ ਕਹਿੰਦੇ ਸਨ। ਹਕੀਮ ਫ਼ਾਰਾਬੀ ਕਈ ਇਕ ਵਿਦਿਆ ਦਾ ਮਾਲਕ ਸੀ। ਇਹ ਫ਼ਿਲਾਸਫ਼ਰ ਸੀ, ਗਵੱਯਾ ਸੀ, ਵਜੰਤ੍ਰੀ ਸੀ। ਇਸਦੀ ਜ਼ਿੰਦਗੀ ਬਹੁਤ ਸਾਦੀ ਸੀ। ਇਸਦੀ ਦਿਲਚਸਪੀ ਵਿਦਿਅਕ ਗੱਲਾਂ ਦੇ ਸਿਵਾਏ ਹੋਰ ਕਿਸੇ ਚੀਜ਼ ਵਿਚ ਨਹੀਂ ਸੀ। ਘਰ ਦਾ ਸਾਮਾਨ ਤੇ ਖ਼ਾਨਾਦਾਰੀ ਨਾਲ ਕੋਈ ਤੁਅੱਲਕ ਨਹੀਂ ਸੀ। ਕੱਪੜੇ ਵੀ ਮਾਮੂਲੀ ਤੇ ਆਪਣੇ ਲੱਗੇ ਮਹੀਨਾਵਾਰੀ ਵਜ਼ੀਫ਼ੇ ਵਿਚੋਂ ਵੀ ਸਿਰਫ਼ ਚਾਰ ਦਿਰਮ ਰੱਖ ਕੇ ਬਾਕੀ ਦੇ ਰੁਪੈ ਮੋੜ ਦਿੰਦਾ ਸੀ। 'ਤਾਰੀਖ਼ ਅਲਹੁਕਮਾ' ਵਿਚ ਇਸ ਦੇ ਰਾਗੀ ਹੋਣ ਦੀ ਇਕ ਅਜੀਬ ਹਕਾਇਤ ਲਿਖੀ ਹੈ। ਦੱਸਿਆ ਹੈ ਕਿ ਹਕੀਮ ਫ਼ਾਰਾਬੀ ਨੂੰ ਮਿਲਣ ਵਾਸਤੇ ਇਕ ਅਮੀਰ ਆਦਮੀ, ਜੋ ਇਲਮਦੋਸਤ ਸੀ, ਬੜਾ ਉਤਾਵਲਾ ਸੀ। ਫ਼ਾਰਾਬੀ ਉਸਦੇ ਪਾਸ ਜਾਣੋਂ ਸੰਗਦਾ ਸੀ। ਇਕ ਦਿਨ ਅਮੀਰ ਆਪਣੀ ਮਹਿਫ਼ਲ-ਐਸ਼ ਵਿਚ ਬੈਠਾ ਸੀ ਕਿ ਹਕੀਮ ਫ਼ਾਰਾਬੀ ਉਥੇ ਆ ਗਿਆ, ਮਗਰ ਐਸ ਤਰ੍ਹਾਂ ਕਿ ਬਹੁਤ ਬੁਰੀ ਹਾਲਤ ਵਿਚ, ਮੈਲੇ ਤੇ ਫਟੇ ਕੱਪੜੇ ਪਾਏ ਹੋਏ, ਸਿਰ ਉੱਪਰ ਚਿੱਥੜੇ ਲਪੇਟੇ ਹੋਏ ਅਤੇ ਸੂਰਤ ਅਜੀਬ ਬਣਾਈ ਹੋਈ। ਮਹਿਫ਼ਲ ਵਾਲੇ ਪਹਿਲੇ ਤਾਂ ਦਰਵਾਨ ਨੂੰ ਗ਼ੁੱਸੇ ਹੋਏ ਕਿ ਐਸੇ ਆਦਮੀ ਨੂੰ ਅੰਦਰ ਕਿਉਂ ਆਉਣ ਦਿੱਤਾ ਹੈ? ਫਿਰ ਘਰ ਆਏ ਨਾਲ ਮਖ਼ੌਲ ਤੇ ਛੇੜਖ਼ਾਨੀ ਵਿਚ ਰੁੱਝ ਪਏ। ਫ਼ਾਰਾਬੀ ਨੇ ਆਪਣੀ ਬਗਲ ਵਿਚੋਂ ਇਕ ਵਾਜਾ ਕੱਢਿਆ ਤੇ ਵਜਾਉਣ ਲੱਗਾ। ਸਾਜ਼ ਦੀ ਆਵਾਜ਼ ਸੁਣ ਕੇ ਮਹਿਫ਼ਲ ਵਾਲੇ ਹੱਸ ਪਏ। ਫਿਰ ਉਸਨੇ ਪਰਦਾ ਬਦਲ ਕੇ ਸਾਜ਼ ਵਜਾਇਆ ਤਾਂ ਉਹ ਸਾਰੇ ਰੋਣ ਲੱਗ ਪਏ। ਹੁਣ ਉਸਨੇ ਸਾਜ਼ ਦਾ ਪਰਦਾ ਫਿਰ ਬਦਲ ਦਿੱਤਾ। ਅਸਰ ਕੀ ਹੋਇਆ? ਕਿਤਾਬ 'ਮਸ਼ਾਹੀਰੇ ਆਲਮ' ਵਿਚ ਲਿਖਿਆ ਹੈ:

"ਔਰ ਤੀਸਰਾ ਪਰਦਾ ਬਦਲਨੇ ਕੇ ਬਾਦ ਤਮਾਮ ਮਜਲਸ ਗ਼ਾਫ਼ਲ ਔਰ ਮਦਹੋਸ਼ ਹੋ ਗਈ। ਹਕੀਮ ਨੇ ਏਕ ਬਾਜੇ ਪਰ ਅਪਨਾ ਨਾਮ ਲਿਖਾ ਔਰ ਤਹਰੀਰ ਕੀਆ ਕਿ 'ਤੁਮ ਕੋ ਫ਼ਾਰਾਬੀ ਕੇ ਮਿਲਨੇ ਦਾ ਸ਼ੌਕ ਥਾ, ਵੁਹ ਆਯਾ, ਤੁਮ ਨੇ ਉਸਕੀ ਹੰਸੀ ਉੜਾਈ, ਅਬ ਫ਼ਾਰਾਬੀ ਤੁਮ ਕੋ ਹੰਸਾ, ਰੁਲਾ ਔਰ ਸੁਲਾ ਕਰ ਜਾਤਾ ਹੈ'।"

ਇਹ ਵਾਕਿਆ ਬਗ਼ਦਾਦ ਦਾ ਹੈ। ਇਸੇ ਹੀ ਬਗ਼ਦਾਦ ਵਿਚ ਗੁਰੂ ਨਾਨਕ ਸਾਹਿਬ ਜਾਂਦੇ ਹਨ। ਗੁਰੂ ਨਾਨਕ ਸਾਹਿਬ ਕੋਲ ਵੀ ਉਹ ਸਾਮਾਨ ਹੈ ਜਿਸ ਨਾਲ ਉਹ ਕਿਸੇ ਵੀ ਮਹਿਫ਼ਲ ਨੂੰ ਹਸਾ, ਰੁਆ ਤੇ ਸੁਆ ਸਕਦੇ ਹਨ। ਉਨ੍ਹਾਂ ਦੀ 'ਸਦਾ'



ਵਿਚ ਤਿੰਨ ਪੜਦੇ ਨਹੀਂ ਬਲਕਿ ਇਕ ਹੋਰ ਚੌਥਾ ਵੀ ਹੈ। ਇਸਦੀ ਤਾਸੀਰ ਡੂੰਘੇਰੀ ਹੈ। ਇਹ ਸੁਆ ਕੇ ਸੁੱਤੇ ਹੋਏ ਮਨੁੱਖ ਨੂੰ ਨੀਂਦਰ ਤੋਂ ਪਰੇ ਨਿਰਵਿਕਲਪ ਕਰ ਦਿੰਦੀ ਹੈ, ਉਸ ਨੂੰ ਖਿਆਲਾਂ ਦੀ ਦੁਨੀਆ ਦੀ ਸਫੁਰਤੀ ਤੋਂ ਪਰੇ ਸੁੰਨ ਸਮਾਧਿ ਵਿਚ ਅਫੁਰ ਕਰ ਦਿੰਦੀ ਹੈ। (**ਅਹਿਨਸਿ ਸੁੰਨ ਸਮਾਧਿ ਸਮਾਵੈ ॥**)[7]

ਬਾਬੇ ਦੇ ਬਗ਼ਦਾਦ ਵਿਚ ਜਾਵਣ ਦਾ ਜ਼ਿਕਰ ਭਾਈ ਗੁਰਦਾਸ ਨੇ ਕੀਤਾ ਹੈ, ਲਿਖਿਆ ਹੈ:

**"ਫਿਰਿ ਬਾਬਾ ਗਇਆ ਬਗਦਾਦਿ ਨੋ, ਬਾਹਰਿ ਜਾਇ ਕੀਆ ਅਸਥਾਨਾ ॥**
**ਇਕੁ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ ॥**
**ਦਿਤੀ ਬਾਂਗਿ ਨਿਵਾਜਿ ਕਰਿ ਸੁੰਨ ਸਮਾਨਿ ਹੋਆ ਜਹਾਨਾ ॥"**[8]

ਬਗ਼ਦਾਦ ਵਿਚ ਉਸ ਵੇਲੇ ਪੀਰ ਦਸਤਗੀਰ ਸੀ। ਜ਼ਮਾਨਾ ਤਅੱਸਬ ਦਾ ਸੀ। ਸ਼ਰ੍ਹਾ ਕਰੜੀ ਸੀ। ਰਾਗ ਹੁਕਮਨ ਬੰਦ ਸੀ ਪਰ ਪੀਰ ਦਸਤਗੀਰ ਨੂੰ ਪਤਾ ਸੀ ਕਿ ਰਾਗ ਕੀ ਚੀਜ਼ ਹੈ ਤੇ ਇਸਦੇ ਅਸਰ ਵਿਚ ਕੀ ਕਰਾਮਾਤ ਹੈ। ਅਰਬੀ ਦੀਆਂ ਆਪਣੀਆਂ ਸੂਫ਼ੀ ਰਵਾਇਤਾਂ ਮੁਤਾਬਕ ਹੀ ਕਿਹਾ ਹੈ:

"ਰਾਗ ਅਲ੍ਹਾ ਦੀ ਆਵਾਜ਼ ਹੈ-ਇਹ ਉਸਦੀ ਸੱਦ ਹੈ। ਇਸਦਾ ਜਵਾਬ ਰੂਹ ਦਿੰਦੀ ਹੈ। ਉਹ ਜਵਾਬ ਸਮਾਧਿ ਦੀ ਗੜੂੰਦ ਹੈ।"

ਉਸਨੂੰ ਪਤਾ ਸੀ ਕਿ ਉਨ੍ਹਾਂ ਦਾ ਆਪਣਾ ਹੀ ਇਕ ਵਡਕਾ ਇਸ ਬਾਬਤ ਕੀ ਕਹਿ ਗਿਆ ਹੈ। ਇਸ ਵਡਕੇ ਦਾ ਨਾਮ 'ਸਿਮੂਨ ਮੋਹਿਬ' ਸੀ। ਸਿਮੂਨ ਮੋਹਿਬ ਨੇ ਕਿਹਾ:

"ਰਾਗ ਸੱਦ ਹੈ ਅਲ੍ਹਾ ਵਲੋਂ ਰੂਹ ਨੂੰ। ਰੂਹ ਦਾ ਜਵਾਬ ਇਸ ਸੱਦ ਨੂੰ ਕੀ ਹੈ? ਵਜਦ ਵਿਚ ਆ ਜਾਣਾ। ਗ਼ਸ਼ (ਮੂਰਛਾ) ਹੋ ਜਾਣੀ ਤਾਂ ਰੂਹ ਦਾ ਅਲ੍ਹਾ ਵਿਚ ਸਮਾ ਜਾਣਾ ਹੈ।"

ਗੁਰੂ ਨਾਨਕ ਦੇ ਰਾਗ ਵਿਚ ਅੱਲ੍ਹਾ ਦੀ ਸੱਦ ਸੀ। ਇਹ ਰਬਾਬ ਦੇ ਚੌਥੇ ਪਰਦੇ ਦੀ ਖੇਡ ਸੀ, ਜਿਸਦਾ ਪਤਾ ਫ਼ਾਰਾਬੀ ਨੂੰ ਨਹੀਂ ਸੀ। ਇਸ 'ਚੌਥੇ' ਦੀ ਮੀਂਡ ਨਿਆਰੀ ਸੀ, ਇਸਦੀ ਸੁਰ ਹੋਰ ਸੀ, ਇਸਦਾ ਤਰਾਨਾ ਹੋਰ ਸੀ, ਇਸਦੀ 'ਲਯ' ਵਿਚ 'ਪ੍ਰਲਯ' ਸੀ, ਸੁੰਨ ਸੀ, ਇਸਦੇ ਤਾਲ ਵਿਚ ਉਹ ਡ੍ਰਾਪਸੀਨ ਸੀ ਜਿਸ ਨਾਲ ਸੰਸਾਰ ਦਾ ਚਲ ਰਿਹਾ ਮਾਯਾਵੀ ਨਾਟਕ ਇਕ ਛਿਨ ਲਈ ਬੰਦ ਹੋ ਜਾਂਦਾ ਹੈ। ਗੁਰੂ ਨਾਨਕ ਦੇ ਅਲਾਪ ਵਿਚ ਨਿਰੇ ਸੁਰਾਂ ਦੇ ਪੜਦੇ ਹੀ ਨਹੀਂ ਸਨ, ਹੇਠਾਂ ਤਰਬਾਂ ਸਨ। ਤਰਬਾਂ ਦੀ ਛਾਯਾ ਥੱਲੇ ਉਸ ਦਾ ਪਰਛਾਵਾਂ ਸੀ, ਜਿਸਦੀ

ਪਸਰੀ ਹੋਈ ਵਿਆਪਕ 'ਹੋਂਦ' ਵਿਚ ਅਨਾਹਦ ਸ਼ਬਦ ਦੀ ਝੁਨਕਾਰ ਹੈ। ਉਹ ਆਪ ਇਸ ਗੱਲ ਦੇ ਜਾਣੂੰ ਸਨ। ਉਨ੍ਹਾਂ ਨੂੰ ਪਤਾ ਸੀ ਕਿ ਉਹ ਕਿਸ ਕਲਾ ਦੇ ਮਾਲਕ ਸਨ। ਉਨ੍ਹਾਂ ਤਦੇ ਹੀ ਇਹ ਗੱਲ ਸਪੱਸ਼ਟ ਕਹਿ ਦਿੱਤੀ ਸੀ:

**ਸਬਦਿ ਅਨਾਹਦਿ ਸੋ ਸਹੁ ਰਾਤਾ ਨਾਨਕੁ ਕਹੈ ਵਿਚਾਰਾ ॥**[9]

ਸੰਸਾਰ ਦੀ ਸਾਰੀ ਰਚਨਾ ਇਕ ਵਿਸ਼ਵ ਤਾਲ ਵਿਚ ਚਲ ਰਹੀ ਹੈ। ਉਸਦੀ ਗਤਿ ਅਖੰਡ ਹੈ। ਉਸਦੀ ਲਯ ਅਟੁੱਟ ਹੈ। ਜਿਨ੍ਹਾਂ ਨੂੰ ਉਸਦੀ ਸਮਝ ਹੈ, ਉਨ੍ਹਾਂ ਦਾ ਰਾਗ ਹੋਰ ਤਰਾਂ ਦਾ ਹੋ ਜਾਂਦਾ ਹੈ। ਉਨ੍ਹਾਂ ਦੇ ਸਾਜ਼ ਦੀਆਂ ਸੁਰਾਂ ਉਪਰਲੀਆਂ ਤਾਰਾਂ ਨਹੀਂ ਰਹਿੰਦੀਆਂ, ਉਹ ਤਰਬ ਰੂਪ ਹੋ ਜਾਂਦੀਆਂ ਹਨ। ਉਨ੍ਹਾਂ ਨੂੰ ਥਰਰਾਉਣ ਲਈ ਉਸ ਅਟੁੱਟ ਨਾਦ ਦਾ ਪ੍ਰਤਿਬਿੰਬ ਕੰਮ ਕਰਦਾ ਹੈ ਜੋ ਅਖੰਡ ਸੁਰ ਵਿਚ ਬ੍ਰਹਮੰਡ ਦੀ ਗਤੀ ਦੇ ਨਾਲ ਸਫ਼ਰ ਹੈ। ਬਗ਼ੈਰ ਇਸ ਅਨਹਦ ਤਰੰਗ ਦੇ, ਬਗ਼ੈਰ ਇਸ ਜਲ ਤਰੰਗ ਦੇ ਹੁਲਾਰੇ ਦੇ, ਬਗ਼ੈਰ ਇਸ ਗ਼ੈਬ ਦੇ ਪਵਨ ਹੁਲਾਰੇ ਦੇ, ਬਗ਼ੈਰ ਇਸ ਅੰਦਰਲੀ ਪੁਸ਼ਟੀ ਦੇ ਹੱਥ ਦਾ ਸਾਜ਼ ਇਕ ਥੋਥਾ ਹਥਿਆਰ ਹੈ:

**ਹਥਿ ਕਰਿ ਤੰਤੁ ਵਜਾਵੈ ਜੋਗੀ ਥੋਥਰ ਵਾਜੈ ਬੇਨ ॥**[10]

ਅਸਲ ਵਿਚ ਗੁਰੂ ਨਾਨਕ ਸਾਹਿਬ ਜੋ ਕਹਿੰਦੇ ਸਨ ਉਹ ਅਨਹਦ ਸ਼ਬਦ ਦਾ ਵਾਕ ਰੂਪ ਪ੍ਰਤਿਬਿੰਬ ਹੁੰਦਾ ਸੀ ਅਤੇ ਇਸ ਅਨਹਦ ਸ਼ਬਦ ਦਾ ਸ੍ਰੋਤ ਸੀ ਅੰਤਰ ਆਤਮੇ ਜੋਤ ਨਾਲ ਮਿਲੀ ਜੋਤ ਦਾ ਸੁਰ ਸੰਗਮ।

**ਅਨਹਦ ਸਬਦੁ ਵਜਾਇ ਜੋਤੀ ਜੋਤਿ ਧਰਿ ॥**
**ਹਿਰਦੈ ਹਰਿ ਗੁਣ ਗਾਇ ਜੈ ਜੈ ਸਬਦੁ ਹਰਿ ॥**[11]

ਕਿਉਂਕਿ ਬਾਹਰਲੇ ਸਾਜ਼ਾਂ ਵਿਚ ਤੇ ਅੰਦਰਲੇ ਸਾਜ਼ਾਂ ਵਿਚ ਫ਼ਰਕ ਹੁੰਦਾ ਹੈ। ਅੰਦਰਲੇ ਸਾਜ਼ਾਂ ਵਿਚ ਮਨ ਅਤੇ ਮਤਿ ਮਿਲ ਕੇ ਕੰਮ ਕਰਦੇ ਹਨ ਜਦੋਂ ਕਿ ਬਾਹਰਲੇ ਸਾਜ਼ ਹਉਂ ਆਸਰੇ ਹੁੰਦੇ ਹਨ। ਅੰਦਰਲੇ ਸਾਜ਼ ਅਨਹਦ ਦੀ 'ਚੁੱਪ ਖ਼ੁਮਾਰੀ' ਵਿਚ ਝੂੰਮਦੇ ਹਨ ਪਰ ਬਾਹਰਲੇ ਸਾਜ਼ ਵਜਾਉਣ ਵਾਲੇ ਨੂੰ ਸ੍ਵੈਮਾਨ ਪ੍ਰਤਿਸ਼ਟਾ (Self Importance) ਵਿਚ ਸੁਚੇਤ ਰੱਖਦੇ ਹਨ। ਇਹ ਉਹ ਲੋਕ ਹਨ ਜਿਨ੍ਹਾਂ ਬਾਬਤ ਗੁਰਬਾਣੀ ਵਿਚ ਕਿਹਾ ਹੈ:

**ਹਉਮੈ ਵਿਚਿ ਗਾਵਹਿ ਬਿਰਥਾ ਜਾਇ ॥**[12]

ਡਾ. ਬਲਬੀਰ ਸਿੰਘ ਜੀ ਦਾ ਉਪਰੋਕਤ ਕਥਨ ਸਾਡੇ ਇਸ ਕਥਨ ਦੀ ਪੁਸ਼ਟੀ ਕਰਦਾ ਹੈ ਕਿ "ਰਬਾਬ" ਦੇ ਚੌਥੇ ਪੜਦੇ ਵਾਂਗ ਅਨਹਦ ਨਾਦ ਦੇ ਸਾਜ਼ਾਂ



ਦਾ ਸਰੂਪ ਸੂਖਸ਼ਮ ਰੂਪ ਵਿਚ "ਆਹਤ ਨਾਦ" ਵਿਚੋਂ ਸੰਚਾਰਤ ਹੁੰਦਾ ਹੈ ਜਿਸਦਾ ਅਨੁਭਵ-ਗਿਆਨ ਮਾਨਵ-ਆਤਮਾ ਨੂੰ ਹੀ ਹੁੰਦਾ ਹੈ ਜੋ ਉਸ ਨੂੰ ਬੁੱਧੀ-ਮੰਡਲ ਦੀ ਕਿਲੇਬੰਦੀ ਤੋਂ ਅਜ਼ਾਦ ਕਰ ਮਾਨਵ-ਸ਼ਰਤ ਨੂੰ ਵਲਵਲੇ ਦੇ ਦੇਸ਼ ਨਾਲ ਇਕ ਸੁਰ ਕਰਦਾ ਹੈ।

ਡਾ. ਬਲਬੀਰ ਸਿੰਘ ਦੇ ਵਡੇ ਭਰਾਤਾ ਡਾ. ਭਾਈ ਵੀਰ ਸਿੰਘ ਜੀ ਜੋ ਆਧੁਨਿਕ ਪੰਜਾਬੀ ਸਾਹਿੱਤ ਦੇ ਪਿਤਾਮਾ ਹੋਣ ਦੇ ਨਾਲ ਨਾਲ ਗੁਰਮਤਿ ਗਿਆਨ ਤੇ ਗੁਰਮਤਿ ਸੰਗੀਤ ਦੇ ਪੁਸ਼ਤੈਨੀ ਧੁਰੰਤਰ ਵਿਦਵਾਨ ਸਨ ਉਹ "ਅਨਹਦ ਨਾਦ" ਦੀ ਪਰਿਭਾਸ਼ਾ ਬਹੁਤ ਸੁੰਦਰ ਤੇ ਸੁਖੈਨ ਕਰਦਿਆਂ ਆਖਦੇ ਹਨ ਕਿ[13]

"ਜੋ ਨਾਦ ਅਰੂਪ ਹੈ, ਜੋ ਕੁਦਰਤ ਵਿਚ ਵਿਆਪਕ ਜਿਹੇ ਰੂਪ ਵਿਚ ਹੈ, ਜੋ ਆਪਣੇ ਲਈ ਦੋ ਚੀਜ਼ਾਂ ਦੇ ਪਰਸਪਰ ਮਿਲਣ, ਰਗੜ ਖਾਣ, ਸੱਟ ਪੈਣ, ਗਜ਼ ਫਿਰਨ, ਫੂਕ ਭਰਨ ਦੀ ਲੋੜ ਨਹੀਂ ਰੱਖਦਾ, ਜੋ ਆਪਣੇ ਆਪ ਨੂੰ ਸੁਝਾਉਣ ਲਈ ਕੰਨਾਂ ਦੇ ਪਰਦਿਆਂ ਦੇ ਲੋੜ ਨਹੀਂ ਰੱਖਦਾ, ਜੋ ਸਥੂਲ ਇੰਦ੍ਰਿਆਂ (ਕੰਨ) ਦਾ ਵਿਸ਼ਾ ਨਹੀਂ ਬਣਦਾ, ਉਹ 'ਅਨਾਹਤ ਨਾਦ' ਕਹਾਉਂਦਾ ਹੈ।"

ਅਗੇ ਚਲ ਕੇ ਭਾਈ ਸਾਹਿਬ "ਆਹਤ ਨਾਦ", ਅਤੇ ਅਨਾਹਦ ਨਾਦ" ਦੇ ਵਖਰੇ ਸਰੂਪਾਂ ਦੀ ਹੋਂਦ ਨੂੰ ਸਪੱਸ਼ਟ ਕਰਦਿਆਂ ਆਖਦੇ ਹਨ ਕਿ ਅਨਾਹਤ ਨਾਦ ਇਨਸਾਨ ਦੀ ਰੂਹ ਵਿਚ ਮੌਜੂਦ ਹੈ, ਹਰ ਮਨੁੱਖ ਦੇ ਉਨਮਨ ਵਿਚ ਉਹ ਗੁਪਤ ਪਿਆ ਹੈ। ਜਦੋਂ ਉਨਮਨ ਨਾਦ ਦਾ ਪ੍ਰਤਿਬਿੰਬ ਇਨਮਨ ਪਰ ਪਾਉਂਦਾ ਹੈ, ਤਦ ਇਕ ਮਗਨਤਾ ਭਰਿਆ ਰਸ ਪੈਦਾ ਹੋ ਕੇ ਇਨਮਨ ਵਿਚ ਗਾਉਣ ਵਲ ਰੁਚੀ ਪੈਦਾ ਹੁੰਦੀ ਹੈ। ਅਗੋਂ ਫੇਰ ਇੱਛਾ, ਪਛਾਣ, ਅਕਲ ਤੇ ਇੰਦ੍ਰੇ ਆਪਣਾ ਕੰਮ ਕਰਕੇ ਅਨਾਹਤ ਨਾਦ ਪੈਦਾ ਕਰਦੇ ਹਨ।

ਗਾਉਣ ਵਾਲੇ ਦੀ ਪਛਾਣ, ਗਿਆਨ ਗਾਉਣ ਵਜਾਉਣ ਤੋਂ ਲੈ ਕੇ ਸੁਣਨ ਵਾਲੇ ਦੇ ਸੁਣਨ, ਗਾਵਨ ਤੇ ਪਛਾਣਨ ਤਕ ਤਾਂ ਇਹ 'ਆਹਤ ਨਾਦ' ਹੈ, ਪਰ ਗਾਉਣ ਵਾਲੇ ਦੇ ਅੰਦਰ 'ਸੂਖਮ ਰਸ' ਦੇ ਰੁਪ ਵਿਚ ਜਦੋਂ ਅਜੇ ਉਸ ਦੇ ਅੰਦਰ ਪਛਾਣ ਦਾ ਰੰਗ ਵੀ ਨਹੀਂ ਧਾਰਦਾ ਹੈ, ਇਹ 'ਅਨਾਹਤ ਨਾਦ' ਦੀ ਝੁਨਕਾਰ ਹੈ, ਅਤੇ ਸੁਣਨ ਵਾਲੇ ਦੇ ਅੰਦਰ ਜਦ ਇਹ ਜਾ ਕੇ ਨਿਰੋਲ 'ਰਸ' ਦਾ ਸੂਖਮ ਰੂਪ ਧਾਰਨ ਕਰਦਾ ਹੈ ਤਦੋਂ ਹੀ 'ਅਨਾਹਤ ਨਾਦ' ਦੀ ਝਲਕਾਰ ਬਣਦਾ ਹੈ।

ਦਰਅਸਲ ਰਾਗ ਆਕਾਸ਼ ਦੁਆਰਾ ਉਪਜਦਾ ਹੁੰਦਾ ਹੈ ਅਤੇ ਆਕਾਸ਼ ਤੱਤ ਸਭਨਾਂ ਤੱਤਾਂ ਤੋਂ ਸੂਖ਼ਮ ਤੱਤ ਹੁੰਦਾ ਹੈ। ਇਸੇ ਕਰਕੇ ਰਾਗ ਦਾ ਅਸਰ

ਆਦਮੀ ਦੇ ਦਿਲ ਦੀਆਂ ਤਰਬਾ ਨੂੰ ਸਥੂਲ ਰਚਨਾ ਤੋਂ ਉੱਚਾ ਸੂਖਮਤਾ ਵੱਲ ਖਿਚ ਲੈ ਜਾਂਦਾ ਹੈ।

ਭਾਈ ਸਾਹਿਬ ਵੀ ਏਹੋ ਦਸਦੇ ਹਨ ਕਿ ਦਿਸਣ ਵਾਲੇ ਪ੍ਰਤੱਖ ਪਸਾਰੇ ਵਿਚ ਫਸਿਆ ਹੋਇਆ ਮਨ ਰਾਗ ਦੁਆਰਾ ਆਪਣੇ ਅਸਲੇ ਵੱਲ ਛੇਤੀ ਕੱਠਾ ਹੁੰਦਾ ਹੈ, ਅਰ ਜੇ ਰਾਗ ਇਸ ਸਮਝ ਵਾਲਾ ਗਾਇਆ ਜਾਵੇ ਤਾਂ ਮਨ ਵਿਚ ਉਹ ਉੱਚੇ ਵਲਵਲੇ ਪੈਦਾ ਕਰ ਦਿੰਦਾ ਹੈ ਕਿ ਜੋ ਸੰਸਾਰ ਤੋਂ ਉੱਚਿਆਂ ਕਰਕੇ ਮਨ ਨੂੰ ਲਿਵ ਵਿਚ ਜੋੜ ਦੇਣ ਦੀ ਸਮਰੱਥਾ ਰੱਖਦੇ ਹਨ।

ਇਸ ਕਾਰਣ ਕਰਕੇ ਰਾਗ ਨੂੰ ਅਰਥਾਤ 'ਆਹਤ ਨਾਦ' ਦੁਆਰਾ ਗਾਏ ਜਾਣ ਵਾਲੇ ਰਾਗ ਨੂੰ ਗੁਰੂ ਸਾਹਿਬਾਨਾਂ ਜੀ ਨੇ ਪਰਮੇਸ਼ੂਰ ਪ੍ਰਾਪਤੀ ਵਿਚ ਉਸਦੀ ਕੀਰਤੀ ਕਰਨ ਲਈ ਵਸੀਲਾ ਬਣਾ ਕੇ ਵਰਤਿਆ ਹੈ। ਇਸ ਵਸੀਲੇ ਨਾਲ ਜਦ ਸੁਰਤ ਜੁੜਦੀ ਹੈ ਤਾਂ ਉਹ ਆਨੰਦ, ਏਕਾਗ੍ਰਤਾ ਵਿਚ ਚੜ੍ਹਦੀ ਚੜ੍ਹਦੀ ਮਨ ਤੇ ਬੁੱਧੀ ਤੋਂ ਉੱਚੀ ਹੋ ਕੇ ਸਿੱਧੀ ਮੰਡਲ 'ਤੇ ਪਹੁੰਚਦੀ ਹੈ, ਇਥੇ ਜਾ ਕੇ 'ਅਨਾਹਤ ਨਾਦ' ਦਾ ਅਨੁਭਵ ਕਰਦੀ ਹੈ।

ਅਕਸਰ ਅਭਿਆਸੀ ਇਸ ਨਾਦ ਦੀ ਤਲਾਸ਼ ਕਰਦੇ ਹਨ, ਪਰ ਇਸਨੂੰ ਪ੍ਰਾਪਤ ਕਰਨ ਦਾ ਤਰੀਕਾ ਕੰਨਾਂ ਨਾਲ ਸੁਣਨਾ ਨਹੀਂ ਹੈ ਕਿਉਂਕਿ ਕੰਨਾਂ ਦੇ ਪਰਦੇ ਉਸ ਵਿਸ਼ੇ ਨੂੰ ਨਹੀਂ ਕਰ ਸਕਦੇ, ਉਸਦੇ ਸੁਣਨ ਦਾ ਵਸੀਲਾ ਹਿਰਦੇ ਨਾਲ ਨਾਮ ਜਪਣਾ ਹੈ। ਗੁਰੂ ਜੀ ਨੇ ਆਗਿਆ ਕੀਤੀ ਹੈ, **ਪ੍ਰਭ ਕੈ ਸਿਮਰਨਿ ਅਨਹਦ ਝੁਨਕਾਰ ॥** 'ਅਨਾਹਦ ਸ਼ਬਦ' ਤਾਂ ਓਅੰਕਾਰ ਰੂਪ ਵਿਚ ਦੂਈ ਦੇ ਮੰਡਲ ਤੋਂ ਦਰਵਾਜ਼ੇ ਵਿਚ ਹੈ, ਪਰ ਉਸਦੀ ਝੁਨਕਾਰ ਕੁਦਰਤ ਵਿਚ ਸਾਡੇ ਨਾਲੋਂ ਅਰੂਪ ਦਸ਼ਾ ਵਿਚ ਭਰੀ ਪਈ ਹੈ, ਉਹ 'ਸਿਮਰਨ' ਦੁਆਰਾ ਪ੍ਰਾਪਤ ਹੁੰਦੀ ਹੈ। ਉਹ ਸੁਣਨ ਨਾਲ ਸਮਝ ਵਿਚ ਨਹੀਂ ਆਉਂਦੀ। ਸਥੂਲ ਸਰੀਰ ਵਿਚ ਬੈਠਾ ਮਨੁੱਖ ਜਦ ਉਸਨੂੰ ਅਨੁਭਵ ਕਰਨਾ ਚਾਹੁੰਦਾ ਹੈ ਤਾਂ ਸਰੀਰਕ ਮੰਡਲ ਵਿਚ ਉਸਨੂੰ ਨਹੀਂ ਸੁਣ ਸਕਦਾ। ਉਸਦਾ ਮਨ ਇਤਨਾ ਏਕਾਗਰ ਹੋਵੇ ਕਿ ਸੁਰਤ ਸਰੀਰ ਦੇ ਮੰਡਲ ਤੋਂ ਉੱਚੀ ਹੋਵੇ ਅਰ ਮਨ ਤੇ ਬੁੱਧੀ ਦੇ ਮੰਡਲ ਤੋਂ ਹੋਰ ਉਚੇਰੀ ਚੜ੍ਹੇ ਤਦ ਆਪਣੀ ਏਕਾਗਰਤਾ ਵਿਚ ਦੂਈ ਦੇ ਮੰਡਲ ਵਿਚ ਅੰਤ ਤੇ ਅੱਪੜੇ, ਫੇਰ ਸਿੱਧੀ ਦਾ ਮੰਡਲ ਆਵੇ ਜੋ ਦੂਈ ਦੇ ਏਕੇ ਦੇ ਮੰਡਲ ਦੇ ਵਿਚਕਾਰ ਹੈ, ਤਦ 'ਅਨਾਹਤ ਨਾਦ ਦੀ ਝੁਨਕਾਰ' ਨੂੰ ਅਨੁਭਵ ਕਰੇ। ਇਹ ਸ੍ਰੇਸ਼ਟ ਵਾਜੇ 'ਅਨਾਹਦ ਨਾਦ ਦੀ ਝੁਨਕਾਰ' ਦੇ ਸਰੀਰ ਦੇ ਮੰਡਲ ਵਿਚ, ਜਾਂ ਮਨ ਬੁੱਧੀ ਦੇ ਮੰਡਲ ਵਿਚ ਨਹੀਂ ਹਨ,



ਸੁਰਤ ਦੇ ਉਚੇਚੇ ਟਿਕਾਣੇ ਤੇ ਹਨ, ਇਸ ਪਰ ਜੋ ਪ੍ਰਸ਼ਨ ਹੁੰਦਾ ਹੈ ਕਿ ਇਹ ਕਿਥੇ ਵੱਜ ਰਹੇ ਹਨ? ਗੁਰੂ ਜੀ ਆਪ ਉਸਦਾ ਐਉਂ ਉੱਤਰ ਦਿੰਦੇ ਹਨ:-

**ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ ॥**

**ਘਰਿ ਸਭਾਗੈ ਸਬਦ ਵਾਜੇ ਕਲਾ ਜਿਤੁ ਘਰਿ ਧਾਰੀਆ ॥**[14]

ਇਸ ਤਰਾਂ ਜੀਵਾਤਮਾ ਜੋ ਪਿੰਡ ਵਿਚ ਹੈ, ਜਦ ਇਹ ਏਕਾਗਰ ਹੋ ਕੇ ਕਲਾ ਧਾਰਨ ਵਾਲੇ ਮੰਡਲ ਨੂੰ ਅਨੁਭਵ ਕਰਨ ਲਾਇਕ ਆਪਣੀ ਸੁਰਤ ਨੂੰ ਉੱਚਾ ਬਣਾ ਲੈਂਦੀ ਹੈ ਤਦੋਂ ਇਹ ਵਾਹਿਗੁਰੂ ਦੇ ਅਨਾਹਤ ਨਾਦ ਨੂੰ ਅਨੁਭਵ ਕਰਦੀ ਹੈ।

ਏਥੇ ਪ੍ਰਸ਼ਨ ਪੈਦਾ ਹੁੰਦਾ ਹੈ ਕਿ "ਅਨਹਦ-ਨਾਦ" ਦੀ ਧੁੰਨ ਤਕ ਪਹੁੰਚ ਦਾ ਤਰੀਕਾ ਕੀ ਹੈ?

ਇਸਦੀ ਪ੍ਰਾਪਤੀ ਦਾ ਤਰੀਕਾ ਗੁਰਬਾਣੀ ਨੇ ਨਾਮ ਦਾ ਸਿਮਰਨ ਲਿਖਿਆ ਹੈ, ਤੀਸਰੇ ਸਤਿਗੁਰੂ ਜੀ ਆਖਦੇ ਹਨ:-

**ਪੰਚ ਦੂਤ ਤੁਧੁ ਵਸਿ ਕੀਤੇ ਕਾਲੁ ਕੰਟਕੁ ਮਾਰਿਆ ॥**

**ਧੁਰਿ ਕਰਮਿ ਪਾਇਆ ਤੁਧੁ ਜਿਨ ਕਉ ਸਿ ਨਾਮਿ ਹਰਿ ਕੈ ਲਾਗੇ ॥**

**ਕਹੈ ਨਾਨਕੁ ਤਹ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ ॥੫॥**[15]

ਭਾਵ ਵਾਹਿਗੁਰੂ ਦੀ ਕ੍ਰਿਪਾ ਨਾਲ ਜਿਨ੍ਹਾਂ ਪ੍ਰਾਣੀਆਂ ਨੇ ਪੰਜ ਦੂਤ ਵਸ ਕੀਤੇ ਹਨ, ਅਤੇ ਆਪਣੇ ਸਰੂਪ ਨੂੰ ਪਛਾਣ ਕੇ ਕਾਲ ਦਾ ਖਟਕਾ ਮੇਟ ਲੀਤਾ ਹੈ ਅਰਥਾਤ ਜੋ 'ਨਾਮਿ ਹਰਿ ਕੈ ਲਾਗੇ' ਜਿਹੜੇ ਵਾਹਿਗੁਰੂ ਦੇ ਨਾਮ ਵਿਚ ਲਗ ਕੇ ਇਸ ਦਸ਼ਾ ਵਿਚ ਪਹੁੰਚੇ ਹਨ ਉਹੋ ਸੁਖੀ ਹੋਏ ਹਨ, ਜੋ ਐਸੇ ਆਤਮ ਸੁਖ ਵਾਲੇ ਹਨ ਉਹ ਉਸ ਕਲਾ ਧਾਰਨ ਵਾਲੇ ਘਰ ਵਿਚ ਪਹੁੰਚੇ ਹਨ, ਅਨਾਹਤ ਨਾਦ ਵਿਚ ਉਨ੍ਹਾਂ ਦੀ ਪਹੁੰਚ ਹੋਈ ਹੈ ਅਰਥਾਤ ਨਾਮ ਵਿਚ ਇਸਥਿਤ ਹੋਇਆਂ ਨੇ ਅਨਾਹਦ ਨਾਦ ਨੂੰ ਅਨੁਭਵ ਕੀਤਾ ਹੈ। ਫੇਰ ਫ਼ੁਰਮਾਇਆ ਹੈ:-

**ਨਾਮੁ ਜਿਨ ਕੈ ਮਨਿ ਵਸਿਆ ਵਾਜੇ ਸਬਦ ਘਨੇਰੇ ॥**[16]

ਜਿਨ੍ਹਾਂ ਦੇ ਹਿਰਦੇ ਵਿਚ ਨਾਮ ਵਸ ਗਿਆ ਹੈ, ਸਮਾ ਗਿਆ ਹੈ, ਇਹ ਘਨੇਰੇ ਵਾਜੇ ਉਨ੍ਹਾਂ ਲਈ ਵੱਜੇ ਹਨ। ਇਹ 'ਅਨਾਹਤ ਨਾਦ' ਮਨ ਦੀ ਏਕਾਗ੍ਰਤਾ, ਪ੍ਰਭੂ ਦੇ ਸਿਮਰਨ ਤੋਂ ਸੁਰਤ ਦੇ 'ਕਲਾ ਧਾਰਨ ਵਾਲੇ' ਮੰਡਲ ਤਕ ਪਹੁੰਚੇ ਹੋਇਆਂ 'ਤੇ ਅਨੁਭਵ ਹੋਣਾ ਹੈ, ਅਰ ਇਹ ਇਕ ਆਤਮ ਰਸ ਹੈ, ਜਿਸਨੂੰ ਆਤਮਾ ਨੇ ਮਾਨਣਾ ਹੈ, ਅਰ ਇਸਦੀ ਪ੍ਰਾਪਤੀ ਦਾ ਤਰੀਕਾ ਨਾਮ ਦਾ ਜਪਣਾ ਹੈ, ਜੋ ਸੁਰਤ